BRAMPTON

**Media Release**

ਤੁਰੰਤ ਰਿਲੀਜ ਲਈ

# ਸਿਟੀ ਆਫ ਬ੍ਰੈਂਪਟਨ, ਓਨਟੈਰੀਓ ਵਿੱਚ ਇਲੈਕਟ੍ਰਿਕ-ਪਾਵਰਡ ਫਾਇਰ ਟਰੱਕ ਵਰਤਣ ਵਾਲੀ ਪਹਿਲੀ ਮਿਊਨਿਸਿਪਲਟੀ ਬਣੇਗੀ

ਬ੍ਰੈਂਪਟਨ, ਓਨਟੈਰੀਓ (16 ਜੂਨ, 2021) – ਅੱਜ, ਬ੍ਰੈਂਪਟਨ ਸਿਟੀ ਕਾਉਂਸਿਲ (Brampton City Council) ਨੇ, ਫ੍ਰੰਟ-ਲਾਈਨ ਪੰਪਰ ਨੂੰ ਪੂਰੀ ਤਰ੍ਹਾਂ ਇਲੈਕਟ੍ਰਿਕ-ਪਾਵਰਡ ਫਾਇਰ ਟਰੱਕ, ਰੋਜਨਬਾਉਰ ਆਰ.ਟੀ. (Rosenbauer RT) ਦੇ ਨਾਲ ਬਦਲਣ ਦੀਆਂ, ਬ੍ਰੈਂਪਟਨ ਫਾਇਰ ਐਂਡ ਐਮਰਜੈਂਸੀ ਸਰਵਿਸਿਜ (Brampton Fire and Emergency Services) ਦੀਆਂ ਯੋਜਨਾਵਾਂ ਨੂੰ ਪ੍ਰਵਾਨਗੀ ਦਿੱਤੀ।

ਬ੍ਰੈਂਪਟਨ ਇੱਕ ਗ੍ਰੀਨ ਸਿਟੀ (Green City) ਹੈ। ਇਹ ਸਥਿਰਤਾ ਵਿੱਚ ਸੁਧਾਰ ਕਰਨ ਅਤੇ ਵਾਤਾਵਰਣ ਸਬੰਧੀ ਇਨੋਵੇਸ਼ਨ ਵਿੱਚ ਲੀਡਰ ਬਣਨ ਲਈ ਵਚਨਬੱਧ ਹੈ। ਰੋਜਨਬਾਉਰ ਆਰ.ਟੀ., ਮਾਰਕੀਟ ਵਿੱਚ ਉਪਲਬਧ ਪਹਿਲਾ ਪੂਰੀ ਤਰ੍ਹਾਂ ਇਲੈਕਟ੍ਰਿਕ-ਪਾਵਰਡ ਫਾਇਰ ਟਰੱਕ ਹੈ, ਜੋ ਮੌਜੂਦਾ ਫਾਇਰਫਾਈਟਿੰਗ ਸਟੈਂਡਰਡਸ ਨੂੰ ਪੂਰਾ ਕਰਨ ਯੋਗ ਹੈ। ਬਰਲਿਨ (Berlin), ਐਮਸਟਰਡੈਮ (Amsterdam), ਦੁਬਈ (Dubai), ਲੌਸ ਏਂਜਿਲਸ (Los Angeles) ਅਤੇ ਵੈਨਕੂਵਰ (Vancouver) ਵਰਗੇ ਹੋਰਾਂ ਸਰਬੋਤਮ ਸ਼ਹਿਰਾਂ ਦੇ ਨਾਲ ਜੁੜਦੇ ਹੋਏ, ਬ੍ਰੈਂਪਟਨ, ਓਨਟੈਰੀਓ ਵਿੱਚ ਇਲੈਕਟ੍ਰਿਕ-ਪਾਵਰਡ ਫ੍ਰੰਟ-ਲਾਈਨ ਐਮਰਜੈਂਸੀ ਰਿਸਪਾਂਸ ਵਾਹਨ ਵਰਤਣ ਵਾਲੀ ਪਹਿਲੀ ਮਿਊਨਿਸਿਪਲਟੀ ਹੋਵੇਗੀ।

ਟਰੱਕ ਦੀ ਟੈਕਨੋਲੋਜੀ ਦੇ ਨਾਲ, ਬ੍ਰੈਂਪਟਨ ਦੇ ਫਾਇਰ ਕਰਮਚਾਰੀ, ਐਮਰਜੈਂਸੀ ਵਿੱਚ ਕੰਮ ਕਰਦੇ ਸਮੇਂ, ਨਾ ਸਿਰਫ਼ ਟ੍ਰੈਵਲ ਦੇ ਦੌਰਾਨ, ਬਲਕਿ ਸਾਈਟ ਤੇ ਹੋਣ ਵੇਲੇ ਵੀ, ਜ਼ੀਰੋ ਨਿਕਾਸੀਆਂ ਪੈਦਾ ਕਰਨਗੇ। ਸਾਈਟ ਤੇ ਨਿਕਾਸੀਆਂ ਦਾ ਖਾਤਮਾ, ਵਾਤਾਵਰਣ ਅਤੇ ਉਸ ਥਾਂ ਤੇ ਫਾਇਰਫਾਈਟਰਾਂ ਦੇ ਅੰਦਰ ਕਾਰਸੀਨੋਜਨ (ਕੈਂਸਰਕਾਰੀ ਤੱਤ) ਦੇ ਇਨਟੇਕ ਨੂੰ ਘਟਾ ਕੇ, ਫਾਇਰਫਾਈਟਰਾਂ ਦੀ ਸਿਹਤ ਅਤੇ ਸੁਰੱਖਿਆ ਦੋਵਾਂ ਨੂੰ ਦੀ ਰੱਖਿਆ ਕਰਦਾ ਹੈ।

ਪੂਰੀ ਤਰ੍ਹਾਂ ਇਲੈਕਟ੍ਰਿਕ ਵਾਹਨ ਦੀਆਂ ਵਾਧੂ ਵਿਸ਼ੇਸ਼ਤਾਵਾਂ ਵਿੱਚ ਸ਼ਾਮਲ ਹਨ, ਸਵਾਰੀ ਬੱਸ ਵਾਂਗ, ਰਾਈਡ ਉੱਚਾਈ ਨੂੰ ਵਧਾਉਣ ਅਤੇ ਘਟਾਉਣ ਦੀ ਯੋਗਤਾ, ਜਿਸ ਨਾਲ ਵਾਹਨ ਵਿੱਚ ਦਾਖ਼ਲ ਹੋਣ ਵਿੱਚ ਅਸਾਨੀ ਹੁੰਦੀ ਹੈ। ਇਹ ਵਿਸ਼ੇਸ਼ਤਾ, ਫਾਇਰਫਾਈਟਰਾਂ ਲਈ ਸਾਈਟ ਤੇ ਹੋਣ ਵੇਲੇ ਉਪਕਰਨ ਤੱਕ ਪਹੁੰਚ ਲਈ, ਪਹੁੰਚ ਉੱਚਾਈ ਨੂੰ ਵੀ ਘਟਾਉਂਦੀ ਹੈ। ਰਾਈਡ ਉੱਚਾਈ 6.8 ਇੰਚ ਤੱਕ ਹੇਠਾਂ ਕੀਤੀ ਜਾ ਸਕਦੀ ਹੈ ਅਤੇ ਉੱਚਾਈ ਨੂੰ 18.5 ਤੱਕ ਵਧਾਇਆ ਜਾ ਸਕਦਾ ਹੈ, ਜਿਸ ਨਾਲ ਹੜ੍ਹ ਦੇ ਦੌਰਾਨ ਕੰਮ ਕਰਨ ਵੇਲੇ ਇੰਜਣ ਵਿੱਚ ਪਾਣੀ ਦਾਖ਼ਲ ਹੋਣ ਦੀ ਕੋਈ ਸੰਭਾਵਨਾ ਨਹੀਂ ਰਹਿੰਦੀ। ਨਵਾਂ ਫਾਇਰ ਟਰੱਕ, ਭੀੜੀਆਂ ਥਾਵਾਂ ਵਿੱਚ ਅਤੇ ਨਵੀਆਂ ਸਬਡਿਵੀਜਨਾਂ ਵਿੱਚ ਬਹੁਤ ਘੱਟ ਚੌੜੀਆਂ ਸੜਕਾਂ ਤੇ, ਵੱਧ ਕੁਸ਼ਲਤਾ ਨਾਲ ਵਰਤੋਂ ਵਿੱਚ ਕਰਮਚਾਰੀਆਂ ਦੀ ਮਦਦ ਕਰੇਗਾ ਅਤੇ ਇਹ ਫਾਇਰਫਾਈਟਰਾਂ ਦੀ ਸਿਹਤ ਅਤੇ ਸੁਰੱਖਿਆ ਵਿੱਚ ਸੁਧਾਰ ਕਰਦੇ ਹੋਏ, ਬਿਲਕੁੱਲ ਨਵੀਆਂ ਐਰਗੋਨੋਮਿਕ ਤਕੀਨੀਕਾਂ ਦਾ ਇਸਤੇਮਾਲ ਕਰੇਗਾ।

ਨਵਾਂ ਇਲੈਕਟ੍ਰਿਕ ਫਾਇਰ ਟਰੱਕ, ਨਵੇਂ, ਆਧੁਨਿਕ ਬ੍ਰੈਂਪਟਨ ਫਾਇਰ ਕੈਂਪਸ (Brampton Fire Campus) ਵਿਖੇ ਰੱਖਣ ਦੀ ਯੋਜਨਾ ਹੈ, ਜਿਸਦੀ ਇਸ ਵੇਲੇ ਉਸਾਰੀ ਚੱਲ ਰਹੀ ਹੈ। ਇਹ ਟਰੱਕ, ਸਿਟੀ ਨੂੰ 2022 ਦੇ ਅੰਤ ਵਿੱਚ ਮਿਲੇਗਾ।

ਬ੍ਰੈਂਪਟਨ ਫਾਇਰ ਐਂਡ ਐਮਰਜੈਂਸੀ ਸਰਵਿਸਿਜ ਬਾਰੇ ਹੋਰ ਜਾਣਕਾਰੀ ਲਈ, www.bramptonfire.com ਤੇ ਜਾਓ। ਸਿਟੀ ਦੀ ਟਰਮ ਆਫ ਕਾਉਂਸਿਲ ਪ੍ਰਾਇਰਿਟੀ: ਬ੍ਰੈਂਪਟਨ ਇੱਕ ਗ੍ਰੀਨ ਸਿਟੀ ਹੈ (Term of Council Priority: Brampton is a Green City), ਬਾਰੇ ਹੋਰ ਜਾਣਨ ਲਈ, www.brampton.ca ਤੇ ਜਾਓ।

**ਹਵਾਲੇ**

"ਸਿਟੀ ਆਫ ਬ੍ਰੈਂਪਟਨ ਵਿਖੇ, ਅਸੀਂ ਗ੍ਰੀਨ ਸਿਟੀ ਵਜੋਂ ਜੋ ਵੀ ਕਰਦੇ ਹਾਂ, ਉਸ ਹਰ ਚੀਜ਼ ਵਿੱਚ ਬੇਹੱਦ ਸਥਿਰ ਕਮਿਉਨਿਟੀ ਬਣਾਉਣ ਲਈ ਕੰਮ ਕਰਦੇ ਹਾਂ। ਮੈਂ ਬ੍ਰੈਂਪਟਨ ਫਾਇਰ ਐਂਡ ਐਮਰਜੈਂਸੀ ਸਰਵਿਸਿਜ ਨੂੰ, ਓਨਟੈਰੀਓ ਦਾ ਪਹਿਲਾ ਪੂਰੀ ਤਰ੍ਹਾਂ ਇਲੈਕਟ੍ਰਿਕ ਫਾਇਰ ਟਰੱਕ ਸੁਰੱਖਿਅਤ ਕਰਨ ਲਈ ਉਹਨਾਂ ਦੇ ਯਤਨ ਵਾਸਤੇ ਵਧਾਈ ਦਿੰਦਾ ਹਾਂ। ਬ੍ਰੈਂਪਟਨ ਇੱਕ ਸਰਬੋਤਮ ਸ਼ਹਿਰ ਹੈ ਅਤੇ ਸਾਨੂੰ ਅਜਿਹੇ ਦੂਜੇ ਲੋਕਾਂ ਨਾਲ ਜੁੜਨ ਤੇ ਮਾਣ ਹੈ, ਜੋ ਸਾਡੀਆਂ ਕਮਿਉਨਿਟੀਜ ਨੂੰ ਸੁਰੱਖਿਅਤ ਰੱਖਦੇ ਹੋਏ, ਜਲਵਾਯੂ ਸਬੰਧੀ ਤਬਦੀਲੀ ਵਿੱਚ ਸਥਿਰਤਾ ਵਧਾਉਣ ਅਤੇ ਨਿਕਾਸੀਆਂ ਨੂੰ ਘਟਾਉਣ ਲਈ ਕੰਮ ਕਰ ਰਹੇ ਹਨ।"

*- ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਬ੍ਰੈਂਪਟਨ ਇੱਕ ਇਨੋਵੇਟਿਵ ਸ਼ਹਿਰ ਹੈ ਅਤੇ ਅਸੀਂ ਹਮੇਸ਼ਾ, ਸਾਡੀ ਸਥਿਰਤਾ ਵਿੱਚ ਸੁਧਾਰ ਕਰਨ ਅਤੇ ਸਾਡੇ ਨਿਵਾਸੀਆਂ ਅਤੇ ਸਟਾਫ਼ ਨੂੰ ਸੁਰੱਖਿਅਤ ਰੱਖਣ ਦੇ ਨਵੇਂ ਤਰੀਕੇ ਲੱਭਦੇ ਰਹਿੰਦੇ ਹਾਂ। ਨਵਾਂ ਪੂਰੀ ਤਰ੍ਹਾਂ ਇਲੈਕਟ੍ਰਿਕ ਫਾਇਰ ਟਰੱਕ, ਸਾਡੀ ਸਮਰਪਿਤ ਫਾਇਰ ਐਂਡ ਐਮਰਜੈਂਸੀ ਸਰਵਿਸਿਜ ਦੀ ਟੀਮ ਲਈ ਜੋਖਮ ਘਟਾਏਗਾ ਅਤੇ ਉਹਨਾਂ ਦੀ ਸਿਹਤ ਅਤੇ ਸੁਰੱਖਿਆ ਵਿੱਚ ਸੁਧਾਰ ਕਰੇਗਾ ਅਤੇ ਸਾਡੀ ਕਮਿਉਨਿਟੀ ਵਿੱਚ ਨਿਕਾਸੀਆਂ ਨੂੰ ਘੱਟ ਕਰੇਗਾ। ਸਾਨੂੰ ਬ੍ਰੈਂਪਟਨ ਫਾਇਰ ਤੇ ਮਾਣ ਹੈ ਕਿ ਉਹ ਗ੍ਰੀਨ ਟੈਕਨੋਲੋਜੀ ਵਿੱਚ ਅੱਗੇ ਹੈ।"

*- ਰੋਏਨਾ ਸੈਨਟੋਸ (Rowena Santos), ਰੀਜਨਲ ਕਾਉਂਸਲਰ, ਵਾਰਡਸ 1 ਅਤੇ 5; ਚੇਅਰ, ਕਮਿਉਨਿਟੀ ਸਰਵਿਸਿਜ, ਸਿਟੀ ਆਫ ਬ੍ਰੈਂਪਟਨ*

"ਬ੍ਰੈਂਪਟਨ ਫਾਇਰ ਐਂਡ ਐਮਰਜੈਂਸੀ ਸਰਵਿਸਿਜ ਦੀ ਟੀਮ ਦੇ ਵੱਲੋਂ, ਮੈਂ ਪੂਰੀ ਤਰ੍ਹਾਂ ਇਲੈਕਟ੍ਰਿਕ ਫਾਇਰ ਟਰੱਕ, ਰੋਜਨਬਾਉਰ ਆਰ.ਟੀ. ਬਾਰੇ ਸਾਡੀ ਖੁਸ਼ੀ ਪ੍ਰਗਟ ਕਰਨਾ ਚਾਹੁੰਦਾ ਹਾਂ। ਐਮਰਜੈਂਸੀ ਵਾਲੀ ਥਾਂ ਤੇ ਕਾਰਸੀਨੋਜਨ ਨੂੰ ਘਟਾਉਣ ਤੋਂ ਲੈ ਕੇ, ਬਿਲਕੁੱਲ ਨਵੀਆਂ ਐਰਗੋਨੋਮਿਕ ਤਕਨੀਕਾਂ ਤੱਕ, ਟਰੱਕ ਵਿੱਚ ਕਈ ਰੋਮਾਂਚਕ ਵਿਸ਼ੇਸ਼ਤਾਵਾਂ ਹਨ। ਇਹ ਵਿਸ਼ੇਸ਼ਤਾਵਾਂ ਸਾਨੂੰ ਵਾਤਾਵਰਣ ਸਬੰਧੀ ਸਥਿਰਤਾ ਵਿੱਚ ਲੀਡਰ ਬਣਾਉਣ ਵਿੱਚ ਸਮਰੱਥ ਕਰਨਗੀਆਂ। ਅਸੀਂ ਸਾਡੀ ਕਮਿਉਨਿਟੀ ਦੀ ਸੁਰੱਖਿਆ ਲਈ ਇਸਦੀ ਵਰਤੋਂ ਲਈ ਉਤਸ਼ਾਹਿਤ ਹਾਂ।"

*- ਬਿਲ ਬੋਏਸ (Bill Boyes), ਚੀਫ, ਬ੍ਰੈਂਪਟਨ ਫਾਇਰ ਐਂਡ ਐਮਰਜੈਂਸੀ ਸਰਵਿਸਿਜ, ਸਿਟੀ ਆਫ ਬ੍ਰੈਂਪਟਨ*

"ਸਿਟੀ ਆਫ ਬ੍ਰੈਂਪਟਨ ਵਿਖੇ ਸਟਾਫ਼, ਸਾਡੇ ਕੰਮਾਂ ਵਿੱਚ ਸਥਿਰਤਾ ਵਿੱਚ ਸੁਧਾਰ ਕਰਨ ਅਤੇ ਟਰਮ ਆਫ ਕਾਉਂਸਿਲ ਪ੍ਰਾਇਰਿਟੀ: ਬ੍ਰੈਂਪਟਨ ਇੱਕ ਗ੍ਰੀਨ ਸਿਟੀ ਹੈ, ਨੂੰ ਅੱਗੇ ਵਧਾਉਣ ਲਈ ਵਚਨਬੱਧ ਹੈ। ਨਵੇਂ ਪੂਰੀ ਤਰ੍ਹਾਂ ਇਲੈਕਟ੍ਰਿਕ ਫਾਇਰ ਟਰੱਕ ਦਾ ਇਸਤੇਮਾਲ ਕਰਕੇ, ਬ੍ਰੈਂਪਟਨ ਫਾਇਰ ਐਂਡ ਐਮਰਜੈਂਸੀ ਸਰਵਿਸਿਜ, ਨਿਕਾਸੀਆਂ ਨੂੰ ਘਟਾਵੇਗਾ ਅਤੇ ਵਾਤਾਵਰਣ ਸਬੰਧੀ ਇਨੋਵੇਸ਼ਨ ਵਿੱਚ ਲੀਡਰ ਵਜੋਂ ਹੋਰਾਂ ਸਰਬੋਤਮ ਸ਼ਹਿਰਾਂ ਨਾਲ ਜੁੜੇਗਾ।"

*- ਡੇਵਿਡ ਬੈਰਿਕ (David Barrick), ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 700,000 ਲੋਕਾਂ ਅਤੇ 75,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**

ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca